# ਹੁਕਮ,ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ

ਸੰਸਥਾ ਮਾਧਵ ਵਿਦਿਆ ਨਿਕੇਤਨ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ (ਸ਼ਨਾਖਤੀ ਨੰ: **AS-366**) ਨੂੰ ਸਾਲ 1989 ਤੋਂ ਮੈਟ੍ਰਿਕ, ਸਾਲ 1999-2000 ਤੋਂ ਸੀਨੀਅਰ ਸੈਕੰਡਰੀ (ਹਿਊਮੈਨਟੀਜ ਅਤੇ ਕਾਮਰਸ) ਪੱਧਰ ਦੀ ਐਫੀਲੀਏਸ਼ਨ ਪ੍ਰਦਾਨ ਕੀਤੀ ਗਈ ਸੀ। ਸੰਸਥਾ ਵੱਲੋਂ ਈ.ਮੇਲ ਰਾਹੀਂ ਪੱਤਰ ਨੰ: 2212 ਮਿਤੀ: 19-06-2020 ਰਾਹੀਂ ਪ੍ਰਤੀ ਬੇਨਤੀ ਦੇ ਕੇ ਦੱਸਿਆ ਗਿਆ ਕਿ ਉਹਨਾਂ ਵੱਲੋਂ ਸਾਲ 2016 ਵਿੱਚ ਸੀ.ਬੀ.ਐਸ.ਈ. ਦੀ ਐਫੀਲੀਏਸ਼ਨ ਪ੍ਰਦਾਨ ਕਰ ਲਈ ਗਈ ਹੈ। ਜਿਸ ਸਬੰਧੀ ਸੰਸਥਾ ਨੂੰ ਐਫੀਲੀਏਸ਼ਨ ਵਾਪਸ ਲੈਣ ਸਬੰਧੀ ਦਸਤਾਵੇਜਾਂ ਦੀ ਮੰਗ ਪੱਤਰ ਨੰ: 897 ਮਿਤੀ: 30-03-2016 ਜਾਰੀ ਕੀਤਾ ਗਿਆ ਸੀ ਪ੍ਰੰਤੂ ਸੰਸਥਾ ਵੱਲੋਂ ਇਸ ਪੱਤਰ ਸਬੰਧੀ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।

ਸੰਸਥਾ ਵੱਲੋਂ ਕੀਤੀ ਗਈ ਬੇਨਤੀ ਨੂੰ ਮੁੱਖ ਰੱਖਦੇ ਹੋਏ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਆਪਣੇ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਸੰਸਥਾ ਨੂੰ ਸਾਲ 1989 ਤੋਂ ਮੈਟ੍ਰਿਕ, ਸਾਲ 1999-2000 ਤੋਂ ਸੀਨੀਅਰ ਸੈਕੰਡਰੀ (ਹਿਊਮੈਨਟੀਜ ਅਤੇ ਕਾਮਰਸ) ਪੱਧਰ ਦੀ ਪ੍ਰਦਾਨ ਕੀਤੀ ਗਈ ਐਫੀਲੀਏਸ਼ਨ ਮਿਤੀ: 01-04-2020 ਤੋਂ ਵਾਪਿਸ ਲੈਂਦੇ ਹਨ। ਸੰਸਥਾ ਨੂੰ ਸੀਨੀਅਰ ਸੈਕੰਡਰੀ ਪੱਧਰ ਦਾ ਜਾਰੀ ਕੀਤਾ ਸ਼ਨਾਖਤੀ ਨੰਬਰ: AS-366 ਵੀ ਰੱਦ ਕੀਤਾ ਜਾਂਦਾ ਹੈ। ਸੰਸਥਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 01-04-2020 ਤੋਂ ਐਫੀਲੀਏਸ਼ਨ ਦੇ ਪ੍ਰਭਾਵ ਅਧੀਨ ਸਕੂਲ ਵਿੱਚ ਵਿਦਿਆਰਥੀਆਂ ਦਾ ਦਾਖਲਾ ਨਾ ਕੀਤਾ ਜਾਵੇ ਅਤੇ ਸੰਸਥਾ ਦੀ ਜਮ੍ਹਾ ਕਰਵਾਈ ਗਈ ਸਿਕਊਰਟੀ ਰਕਮ ਜਬਤ ਕੀਤੀ ਜਾਂਦੀ ਹੈ।

ਸੰਸਥਾ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਐਫੀਲੀਏਸ਼ਨ ਅਧੀਨ ਵਿਦਿਆਰਥੀਆਂ ਦੇ ਦਾਖਲੇ ਆਦਿ ਸਬੰਧੀ ਸਮੁੱਚਾ ਰਿਕਾਰਡ ਸੰਭਾਲ ਕੇ ਸਕੂਲ ਵਿੱਚ ਰੱਖੇਗੀ। ਜੇਕਰ ਦਫਤਰ ਨੂੰ ਕਿਸੇ ਰਿਕਾਰਡ ਦੀ ਕਿਸੇ ਸਮੇਂ ਜਰੂਰਤ ਹੋਵੇਗੀ ਤਾਂ ਸੰਸਥਾ ਇਹ ਰਿਕਾਰਡ ਦਫਤਰ ਨੂੰ ਦੇਣ ਲਈ ਪਾਬੰਦ ਹੋਵੇਗੀ।

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।

ਮਿਤੀ: ਮੋਹਾਲੀ:06-07-2020

ਪਿੱਠ ਅੰਕਣ ਨੰਬਰ: ਪਸਸਬ-ਐਫੀ: 2020/ 1103 to 1111 ਮਿਤੀ: 14-7-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਕੱਤਰਾਂ ਨੂੰ, ਚੇਅਰਮੈਨ ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2. ਕੰਟਰੋਲਰ (ਪ੍ਰੀਖਿਆਵਾਂ)
3. ਡਾਇਰੈਕਟਰ (ਕੰਪਿਊਟਰ ਸੈੱਲ)
4. ਉਪ ਸਕੱਤਰ (ਮੈਟ੍ਰਿਕ)
5. ਸਹਾਇਕ ਸਕੱਤਰ ( ਰਜਿ:/ ਮਾਈ.)
6. ਮੈਨੇਜਰ, ਖੇਤਰੀ ਦਫਤਰ , ਅੰਮ੍ਰਿਤਸਰ।
7. ਜਿਲ੍ਹਾ ਸਿੱਖਿਆ ਅਫਸਰ, ਅੰਮ੍ਰਿਤਸਰ।
8. ਸੰਸਥਾ ਮੁੱਖੀ, ਮਾਧਵ ਵਿਦਿਆ ਨਿਕੇਤਨ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ।

13/07/2020

ਸਹਾਇਕ ਸਕੱਤਰ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Principal
Madhav Vidya Niketan
Sen. Secondary School
CBSE Aff. No. 1630995
School Code: 20985
Ranjit Avenue, Amritsar